ਸਭ ਹੱਕ ਰਾਖਵੇਂ

ਕੁਝ ਹੋਰ ਧਾਰਮਿਕ ਲੇਖ

ਸਾਹਿਬ ਸਿੰਘ

G.303

ਜੁਲਾਈ ੧੯੪੬

ਲਾਹੌਰ ਬੁਕ, ਸ਼ਾਪ ਨਿਸਬਤ ਰੋਡ ਲਾਹੌਰ

ਪਹਿਲੀ ਵਾਰ ਮੁੱਲ ਦੋ ਰੁਪਏ

32042

ਪ੍ਰੋ: ਸਾਹਿਬ ਸਿੰਘ ਦੀਆਂ ਲਿਖੀਆਂ ਪੁਸਤਕਾਂ

ਜਪੁਜੀ ਸਟੀਕ	੧॥)
ਆਸਾ ਦੀ ਵਾਰ ਸਟੀਕ	੧॥)
ਸੁਖਮਨੀ ਸਟੀਕ	੨॥)
ਭੱਟਾਂ ਦੇ ਸਵੀਏ ਸਟੀਕ	੨॥)
ਸੱਦ ਸਟੀਕ	।=)
ਦਸ ਵਾਰਾਂ ਸਟੀਕ	੫)
ਬਾਣੀ ਬਾਬਾ ਫਰੀਦ ਸਟੀਕ	੧।)
ਜਾਪੁ ਸਾਹਿਬ ਸਟੀਕ	੧॥)
ਗੁਰਬਾਣੀ ਵਿਆਕਰਨ	੪॥।–)
ਧਾਰਮਿਕ ਲੇਖ	੨)
ਕੁਝ ਹੋਰ ਧਾਰਮਿਕ ਲੇਖ	੨)

'ਨਰਿੰਦ੍ਰ ਪ੍ਰਿੰਟਿੰਗ ਪ੍ਰੈਸ' ਕਟੜਾ ਜਲ੍ਹਿਆਂ ਵਾਲਾ ਅੰਮ੍ਰਿਤਸਰ ਵਿਚ ਗਿਃ ਗੁਰਚਰਨ ਸਿੰਘ 'ਸਾਖੀ' ਪ੍ਰਿੰਟਰ ਦੇ ਪ੍ਰਬੰਧ ਹੇਠ ਛਪਿਆ।

ਮੁੱਢਲੀ ਸਾਂਝ

ਪੁਸਤਕ "ਧਾਰਮਿਕ ਲੇਖ" ਦੇ "ਆਰੰਭਕ ਸ਼ਬਦ" ਵਿਚ ਮੈਂ ਲਿਖ ਚੁਕਾ ਹਾਂ ਕਿ ਸੰਨ ੧੯੨੧ ਤੋਂ ਮੈਨੂੰ ਕਈ ਧਾਰਮਿਕ ਮਜ਼ਮੂਨ ਲਿਖਣ ਦਾ ਮੌਕਾ ਮਿਲਦਾ ਰਿਹਾ, ਜੋ ਅਖ਼ਬਾਰਾਂ ਤੇ ਮਾਸਕ ਪੱਤ੍ਰਾਂ ਵਿਚ ਛਪਦੇ ਰਹੇ। ੧੯੩੫ ਤੋਂ ਆਪਣੇ ਕਾਲਜ ਦੇ ਹਿੰਦੂ ਮੁਸਲਮਾਨ ਵਿਦਿਆਰਥੀਆਂ ਲਈ ਭੀ ਸਾਈਕਾਲੋਜੀ (ਮਾਨਸਿਕ ਵਿੱਦਿਆ) ਦੇ ਆਧਾਰ ਤੇ ਮੈਂ ਕਈ ਲੇਖ ਲਿਖੇ। ਉਹਨਾਂ ਵਿਚੋਂ ਚੁਣ ਕੇ ਕੁਝ ਮਜ਼ਮੂਨ ਮੈਂ ਆਪਣੀ ਉਸ ਕਿਤਾਬ "ਧਾਰਮਿਕ ਲੇਖ" ਵਿਚ ਦੇ ਚੁਕਾ ਹਾਂ। ਉਥੇ ਮੈਂ ਇਹ ਖ਼ਿਆਲ ਜ਼ਾਹਰ ਕੀਤਾ ਸੀ ਕਿ ਸਮਾਂ ਮਿਲਣ ਤੇ ਕੁਝ ਹੋਰ 'ਲੇਖ' ਦੂਸਰੀ ਪੁਸਤਕ ਵਿਚ ਛਾਪ ਕੇ ਪੇਸ਼ ਕੀਤੇ ਜਾਣਗੇ।

ਪਰ, ਹੁਣ ਵਾਲੇ ਸੰਗ੍ਰਹ ਵਿਚ ਕੁਝ ਲੇਖ ਗੁਰਬਾਣੀ ਅਤੇ ਗੁਰ-ਇਤਿਹਾਸ ਬਾਰੇ ਭੀ ਦੇ ਰਿਹਾ ਹਾਂ। ਪਿਛਲੇ ਸਾਲ ਜਦੋਂ ਮੈਂ ਭਗਤਾਂ ਦੀ ਬਾਣੀ ਦਾ ਟੀਕਾ ਲਿਖ ਰਿਹਾ ਸਾਂ, ਮੁੜ ਮੁੜ ਮੇਰੇ ਸਾਹਮਣੇ ਇਹ ਖ਼ਿਆਲ ਆਉਂਦਾ ਗਿਆ ਕਿ ਇਹ ਬਾਣੀ ਗੁਰੂ ਨਾਨਕ ਸਾਹਿਬ ਨੇ ਆਪ ਲਿਆਂਦੀ ਸੀ। ਸਿੱਖ-ਇਤਿਹਾਸ ਭਾਵੇਂ ਇਹ ਲਿਖਦਾ ਆ ਰਿਹਾ ਹੈ, ਕਿ ਭਗਤ-ਬਾਣੀ ਗੁਰੂ ਅਰਜਨ ਸਾਹਿਬ ਨੇ ਇਕੱਠੀ ਕੀਤੀ, ਪਰ ਬਾਣੀ ਦੀ ਅੰਦਰਲੀ ਗਵਾਹੀ ਇਹ ਸਾਖ ਨਹੀਂ ਭਰਦੀ। ਆਖ਼ਿਰ ਜਿਥੇ ਸਿੱਖ ਇਤਿਹਾਸ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿੱਥ ਜਾਪੇ, ਉਥੇ ਹਰੇਕ ਸਿੱਖ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਪਰਮ ਪ੍ਰਮਾਣੀਕ ਹੈ। ਪਰ, ਜੇ ਸਤਿਗੁਰੂ

ਨਾਨਕ ਦੇਵ ਜੀ ਨੇ ਭਗਤਾਂ ਦੀ ਬਾਣੀ ਇਕੱਠੀ ਕੀਤੀ, ਤਾਂ ਇਹ ਕਿਸੇ ਭੀ ਹਾਲਤ ਵਿਚ ਨਹੀਂ ਹੋ ਸਕਦਾ ਸੀ ਕਿ ਉਹਨਾਂ ਨੇ ਆਪਣੀ ਬਾਣੀ ਆਪ ਲਿਖ ਕੇ ਨਾਹ ਸਾਂਭੀ ਹੋਵੇ। ਇਸ ਪਾਸੇ ਧਿਆਨ ਦੇਣ ਤੇ ਮੈਨੂੰ ਬਾਣੀ ਵਿਚ ਇਕ ਨਹੀਂ ਕਈ ਐਸੇ ਸਬੂਤ ਮਿਲਣ ਲਗ ਪਏ, ਜਿਨ੍ਹਾਂ ਨੇ ਇਹ ਪੱਕ ਕਰ ਵਿਖਾਇਆ ਕਿ ਗੁਰੂ ਨਾਨਕ ਸਾਹਿਬ ਆਪਣੀ ਸਾਰੀ ਬਾਣੀ ਆਪ ਲਿਖ ਕੇ ਸਾਂਭਦੇ ਗਏ, ਉਹਨਾਂ ਇਹ ਸਾਰਾ ਸੰਗ੍ਰਹ ਗੁਰੂ ਅੰਗਦ ਸਾਹਿਬ ਨੂੰ ਦਿੱਤਾ। ਇਹਨਾਂ ਤੋਂ ਦੋਹਾਂ ਗੁਰ-ਵਿਅਕਤੀਆਂ ਦੀ ਬਾਣੀ ਸਤਿਗੁਰੂ ਅਮਰ ਦਾਸ ਜੀ ਨੂੰ ਮਿਲੀ; ਗੁਰੂ ਅਮਰਦਾਸ ਜੀ ਤੋਂ ਸਾਰਾ ਸੰਗ੍ਰਹ ਗੁਰੂ ਰਾਮਦਾਸ ਜੀ ਨੂੰ ਅਤੇ ਇਹਨਾਂ ਤੋਂ ਚਹੁਆਂ ਹੀ ਗੁਰੂ ਸਾਹਿਬਾਨ ਦੀ ਸਾਰੀ ਬਾਣੀ ਗੁਰੂ ਅਰਜਨ ਸਾਹਿਬ ਦੇ ਸਪੁਰਦ ਹੋਈ।

ਮੈਂ ਇਹ ਜ਼ਰੂਰੀ ਸਮਝਿਆ ਹੈ ਕਿ ਸ਼ਤਿਗੁਰੂ ਜੀ ਦੀ ਬਾਣੀ ਦੇ ਸੰਬੰਧ ਵਿਚ ਇਹ ਨਵੀਂ ਵਿਚਾਰ ਜਿਤਨੀ ਭੀ ਛੇਤੀ ਹੋ ਸਕੇ ਬਾਣੀ ਨਾਲ ਪਿਆਰ ਕਰਨ ਵਾਲਿਆਂ ਦੇ ਸਾਹਮਣੇ ਰੱਖੀ ਜਾਏ। ਸੋ, ਇਥੇ ਮੇਰੇ ਪਹਿਲੇ ਲਿਖੇ ਧਾਰਮਿਕ ਲੇਖਾਂ ਵਿਚੋਂ ਸਿਰਫ ਪੰਜ ਲੇਖ ਹੀ ਛਾਪਣ ਦੀ ਗੁੰਜੈਸ਼ ਰਹੀ ਹੈ।

ਗੁਰਬਾਣੀ ਤੋਂ ਇਲਾਵਾ ਮੈਨੂੰ ਇਹ ਗਲ ਭੀ ਜ਼ਰੂਰੀ ਜਾਪੀ ਹੈ ਕਿ ਗੁਰ-ਇਤਿਹਾਸ ਦੀਆਂ ਉਹ ਟਾਂਵੀਆਂ ਟਾਂਵੀਆਂ ਸਾਖੀਆਂ ਭੀ ਵਿਚਾਰ-ਸਮੇਤ ਪੇਸ਼ ਕਰੀ ਜਾਵਾਂ ਜਿਨ੍ਹਾਂ ਨੂੰ ਸਮਝਣ ਬਾਰੇ ਅੱਜ ਦੇ ਨੌ-ਜੁਆਨ ਨੂੰ ਕਈ ਔਕੜਾਂ ਪੇਸ਼ ਆ ਰਹੀਆਂ ਹਨ। ਸਭ ਤੋਂ ਪਹਿਲਾਂ ਮੈਂ ਸਤਿਗੁਰੂ ਨਾਨਕ ਦੇਵ ਜੀ ਦੇ ਆਗਮਨ-ਸਮੇਂ ਤੇ ਇਕ ਲੇਖ ਭੇਟਾ ਕਰਦਾ ਹਾਂ।

ਇਸ ਨੂੰ ਬਿਆਨ ਕਰਨ ਲਗਿਆਂ ਤਕਰੀਬਨ ਹਰੇਕ ਸਿੱਖ ਲਿਖਾਰੀ ਨੇ ਆਪਣੀ ਪੁਸਤਕ ਦੀ ਭੂਮਿਕਾ ਵਿਚ ਇਸ ਗੱਲ ਉਤੇ ਬਹੁਤਾ ਜੋਰ ਦਿੱਤਾ ਹੈ ਕਿ ਉਸਵੇਲੇ ਦੇ ਪਠਾਣਮੁਗਲਬਾਦਸ਼ਾਹਹਿੰਦੂ ਪਰਜਾ ਉਤੇ ਬਹੁਤ ਜ਼ੁਲਮ ਤੇ ਵਧੀਕੀਆਂ ਕਰਦੇ ਸਨ। ਇਸ ਦਾ

ਨਤੀਜਾ ਆਮ ਤੌਰ ਤੇ ਇਹੀ ਨਿਕਲਿਆ ਹੈ ਕਿ ਪਾਠਕਾਂ ਦੇ ਸਾਹਮਣੇ ਉਸ ਵੇਲੇ ਦੇ ਕੇਵਲ ਜੀਵਨ ਦਾ ਸਿਰਫ ਇਕੋ ਪੱਖ ਆਉਂਦਾ ਰਿਹਾ ਹੈ, ਤੇ ਉਹ ਭੀ ਸ਼ਾਇਦ ਕਈ ਹਾਲਤਾਂ ਵਿਚ ਬੇ-ਲੋੜਵਾਂ ਵਧਾਇਆ ਹੋਇਆ। ਮੈਂ ਇਸ ਸੰਬੰਧ ਵਿਚ ਭਾਈ ਗੁਰਦਾਸ ਜੀ ਦੀ ਹੀ ਪਹਿਲੀ 'ਵਾਰ' ਦਾ ਆਸਰਾ ਲੈ ਕੇ ਇਕ ਲੇਖ ਲਿਖਿਆ ਸੀ ਜੋ ਇਸ ਸਾਲ ਦੇ ਸ਼ੁਰੂ ਵਿਚ ਅਰਧ-ਮਾਸਕ ਅਖਬਾਰ 'ਪਟਿਆਲਾ ਸਮਾਚਾਰ' ਦੇ ਤਿੰਨ ਪਰਚਿਆਂ ਵਿਚ ਛਪਿਆ। ਆਸ ਹੈ ਪਾਠਕਾਂ ਵਾਸਤੇ ਇਹ ਭੀ ਸੁਆਦਲਾ ਸਾਬਤ ਹੋਵੇਗਾ।

ਸਭ ਪੁਰਾਣੇ ਸਿੱਖ ਇਤਿਹਾਸਕਾਰ ਇਹੀ ਲਿਖਦੇ ਆਏ ਹਨ ਕਿ ਸੱਤਾ ਅਤੇ ਬਲਵੰਡ ਗੁਰੂ ਅਰਜਨ ਸਾਹਿਬ ਦੇ ਵੇਲੇ ਹੋਏ ਹਨ। ਪਰ ਮੈਕਾਲਿਫ ਨੇ "ਸਿਖ ਰਿਲਿਜਨ" ਵਿਚ ਇਹ ਖ਼ਿਆਲ ਦਿੱਤਾ ਹੈ ਕਿ ਇਹਨਾਂ ਦੇ ਰੁਸੇਵੇਂ ਦੀ ਘਟਨਾ ਗੁਰੂ ਅੰਗਦ ਸਾਹਿਬ ਦੇ ਵੇਲੇ ਹੋਈ। "ਸ਼ਬਦਾਰਥ" ਨੇ ਭੀ ਇਸੇ ਗੱਲ ਦੀ ਹਾਮੀ ਭਰੀ ਹੈ। ਪਿੱਛੇ ਜਿਹੇ "ਪੁਰਾਤਨ ਬੀੜਾਂ" ਬਾਰੇ ਸਿੱਖ-ਅਖਬਾਰਾਂ ਵਿਚ ਚਰਚਾ ਚੱਲ ਪੈਣ ਤੇ ਇਕ ਸੱਜਣ ਵਲੋਂ ਅਨੋਖੀ ਲਭਤ ਪੇਸ਼ ਕੀਤੀ ਗਈ ਕਿ ਇਕ 'ਪੁਰਾਤਨ ਬੀੜ' ਵਿਚ ਸੱਤੇ ਬਲਵੰਡ ਦੀ 'ਵਾਰ' ਦੀਆਂ ੧੦ ਪਉੜੀਆਂ ਭੀ ਮਿਲਦੀਆਂ ਹਨ। ਸ਼ਬਦਾਂ ਦੇ ਗੁਟਕੇ ਛਾਪਣ ਵਾਲਿਆਂ ਨੂੰ ਭੀ ਇਕ ਕੋਝੀ ਬਾਣ ਚਿਰ ਤੋਂ ਪਈ ਆ ਰਹੀ ਹੈ ਕਿ ਕਈ ਕਵਿਤਾ ਐਸੀਆਂ ਛਾਪ ਦਿੰਦੇ ਹਨ ਜਿਨ੍ਹਾਂ ਦੇ ਅੰਤ ਵਿਚ ਲਫ਼ਜ਼ 'ਨਾਨਕ' ਲਿਖਿਆ ਹੋਇਆ ਹੈ, ਪਰ ਉਹ ਗੁਰ-ਸ਼ਬਦ ਨਹੀਂ ਹਨ ਕਿਉਂਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ। ਜਿਵੇਂ:-

'ਜਿਤੁ ਦਰਿ ਲਖ ਮੁਹੰਮਦਾ..... ।'
'ਏਸ ਕਲੀਓ ਪੰਜ..... ।'
'ਮਨ ਲੋਚੈ ਬੁਰਿਆਈਆ..... ।'

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.